ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ।
ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ,
ਫੇਜ਼ 3 ਬੀ-1, ਐਸ.ਏ.ਐਸ.ਨਗਰ।
www.educationrecruitmentboard.com

ਨੰਬਰ 6/5-2017ਭ.ਡ.(9) ਮਿਤੀ 23.08.2018

## ਪਬਲਿਕ ਨੋਟਿਸ

ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ ਵੱਲੋਂ ਮਾਸਟਰ ਕਾਡਰ ਦੇ ਹਿੰਦੀ (521) ਅਤੇ ਅੰਗਰੇਜੀ (393) ਵਿਸ਼ਿਆ ਦਾ ਵਿਗਿਆਪਨ ਦਿੱਤਾ ਗਿਆ ਸੀ।ਅੰਗਰੇਜੀ ਅਤੇ ਹਿੰਦੀ ਵਿਸ਼ੇ ਦਾ ਮਿਤੀ 08.12.2017 ਨੂੰ ਅੰਮ੍ਰਿਤਸਰ ਵਿਖੇ ਲਿਖਤੀ ਟੈਸਟ ਲਿਆ ਗਿਆ ਸੀ।ਹਿੰਦੀ ਵਿਸ਼ੇ ਦੇ ਕੁੱਝ ਉਮੀਦਵਾਰ ਜੋ ਕਿਸੇ ਕਾਰਣ ਲਿਖਤੀ ਟੈਸਟ ਵਿੱਚ ਅਪੀਅਰ ਹੋਣ ਤੋਂ ਰਹਿ ਗਏ ਸਨ, ਉਨ੍ਹਾਂ ਨੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸਿਵਲ ਰਿਟ ਪਟੀਸ਼ਨ 28943 ਆਫ਼ 2017 ਲਵਲੀ ਬਨਾਮ ਪੰਜਾਬ ਸਰਕਾਰ ਦਾਇਰ ਕੀਤੀ ਗਈ ਸੀ।ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਮਿਤੀ 19.12.2017 ਨੂੰ ਮਿਤੀ 08.12.2017 ਨੂੰ ਹੋਏ ਲਿਖਤੀ ਟੈਸਟ ਦਾ ਨਤੀਜਾ ਐਲਾਨ ਕਰਨ ਤੋਂ ਰੋਕ ਲਗਾ ਦਿੱਤੀ ਗਈ ਸੀ।ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਮਿਤੀ 23.08.2018 ਨੂੰ ਦਿੱਤੇ ਗਏ ਫੈਸਲੇ ਅਨੁਸਾਰ ਸਿਵਲ ਰਿਟ ਪਟੀਸਨ 28943 ਆਫ਼ 2017 ਲਵਲੀ ਬਨਾਮ ਪੰਜਾਬ ਸਰਕਾਰ ਨੂੰ ਡਿਸਮਿਸ ਕਰ ਦਿੱਤਾ ਗਿਆ ਹੈ।

ਮਿਤੀ 08.12.2017 ਨੂੰ ਹੋਏ ਅੰਗਰੇਜੀ ਅਤੇ ਹਿੰਦੀ ਵਿਸ਼ਿਆ ਦੇ ਲਿਖਤੀ ਟੈਸਟਾਂ ਦਾ ਨਤੀਜਾ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰ ਦਿੱਤਾ ਗਿਆ।ਉਮੀਦਵਾਰ ਆਪਣਾ ਨਤੀਜਾ ਵਿਭਾਗ ਦੀ ਵੈਬਸਾਈਟ (www.educationrecruitmentboard.com) ਤੇ ਆਪਣੇ ਅਕਾਉਂਟ ਵਿੱਚ ਲਾਗ-ਇਨ (Log-in) ਕਰਕੇ ਵੇਖ ਸਕਦੇ ਹਨ।

ਕਰਮਜੀਤ ਸਿੰਘ 23/8/18

ਡਿਪਟੀ ਡਾਇਰੈਕਟਰ,
ਸਿੱਖਿਆ ਭਰਤੀ ਡਾਇਰੈਕਟੋਰੇਟ,
ਪੰਜਾਬ,ਐਸ.ਏ.ਐਸ.ਨਗਰ।